## ਪਾਠ-9

## ਮੇਰੇ ਦਾਦੀ ਜੀ (ਲੇਖਕ-ਗੁਰਬਖ਼ਸ਼ ਸਿੰਘ ਪ੍ਰੀਤਲੜੀ)

### 1. ਪ੍ਰਸ਼ਨ/ਉੱਤਰ



**ਪ੍ਰਸ਼ਨ ੳ. ਸਰੀਰਿਕ ਪੱਖੋਂ ਦਾਦੀ ਜੀ ਕਿਸ ਤਰ੍ਹਾਂ ਦੇ ਸਨ?**

ਉੱਤਰ : ਸਰੀਰਿਕ ਪੱਖੋਂ ਦਾਦੀ ਜੀ ਬਹੁਤ ਬੁੱਢੇ, ਛੋਟੇ, ਮਸਾਂ ਚਾਰ ਤੇ ਅੱਧਾ ਫ਼ੁੱਟ ਦੇ ਸਨ।

**ਪ੍ਰਸ਼ਨ ਅ. ਦਾਦੀ ਜੀ ਨੂੰ ਕਿਹੜੀ ਗੱਲ ਚੰਗੀ ਨਹੀਂ ਲੱਗਦੀ?**

ਉੱਤਰ : ਕਿਸੇ ਮਹਿਮਾਨ ਦਾ ਘਰੋਂ ਅਸੰਤੁਸ਼ਟ ਚਲੇ ਜਾਣਾ ਜਾਂ ਕਿਸੇ ਫ਼ਕੀਰ ਦਾ ਨਿਰਾਦਰ ਹੋਣਾ ਦਾਦੀ ਜੀ ਨੂੰ ਚੰਗਾ ਨਹੀਂ ਲੱਗਦਾ।

**ਪ੍ਰਸ਼ਨ ੲ. ਦਾਦੀ ਜੀ ਦੇ ਪ੍ਰਾਰਥਨਾ-ਕਮਰੇ ਵਿੱਚ ਕਿਹੜਾ-ਕਿਹੜਾ ਸਮਾਨ ਪਿਆ ਸੀ?**

ਉੱਤਰ : ਦਾਦੀ ਜੀ ਦੇ ਪ੍ਰਾਰਥਨਾ-ਕਮਰੇ ਵਿੱਚ ਇੱਕ ਸਾਦੀ ਦਰੀ ਵਿਛੀ ਸੀ। ਵਿਚਕਾਰ ਰੰਗੀਲਾ ਪੀਹੜਾ ਤੇ ਉੱਤੇ ਪੂਜਯ ਗ੍ਰੰਥ ਸਾਹਿਬ ਬਿਰਾਜਮਾਨ ਸਨ। ਕਮਰੇ ਵਿੱਚ ਚਾਂਦੀ ਦੇ ਧੂਫਦਾਨ ਵਿੱਚ ਧੂਫ ਧੁਖਦਾ ਸੀ ।

**ਪ੍ਰਸ਼ਨ ਸ. ਮੋਹਿਨੀ ਸ਼ਹਿਜ਼ਾਦੀ ਦੀ ਕਹਾਣੀ ਵਿੱਚ ਮੋਹਿਨੀ ਸ਼ਹਿਜ਼ਾਦੀ ਕਿਹੋ-ਜਿਹੀ ਸੀ?**

ਉੱਤਰ : ਕਹਾਣੀ ਵਿੱਚ ਮੋਹਿਨੀ ਸ਼ਹਿਜ਼ਾਦੀ ਬਹੁਤ ਸੋਹਣੀ ਸੀ। ਉਸਦੇ ਮੂੰਹੋਂ ਫੁੱਲ ਕਿਰਦੇ ਸਨ। ਉਸ ਦੇ ਹੱਸਣ ’ਤੇ ਮੂੰਹੋਂ ਕਿਰੇ ਫੁੱਲ ਬੂਟੇ ਬਣ ਜਾਂਦੇ ਸਨ।

**ਪ੍ਰਸ਼ਨ ਹ. ਖੇਤਰੀ ਜਲ-ਪ੍ਰਵਾਹ ਕਰਨ ਤੋਂ ਬਾਅਦ ਦਾਦੀ ਜੀ ਕੰਜਕਾਂ ਲਈ ਕੀ ਕਰਦੇ ਸਨ?**

ਉੱਤਰ : ਦਾਦੀ ਜੀ ਕੰਜਕਾਂ ਦੇ ਪੈਰ ਧੋਂਦੇ, ਉਹਨਾਂ ਅੱਗੇ ਸਿਰ ਝੁਕਾਉਂਦੇ ਅਤੇ ਉਹਨਾਂ ਨੂੰ ਪਿਆਰ ਨਾਲ਼ ਪਕਾਈਆਂ ਚੀਜ਼ਾਂ ਖੁਆਉਂਦੇ ਸਨ।

**ਪ੍ਰਸ਼ਨ ਕ. ਹਰ ਰੋਜ਼ ਸਵੇਰੇ, ਸ਼ਾਮ ਅਤੇ ਰਾਤ ਵੇਲ਼ੇ ਦਾਦੀ ਜੀ ਕੀ ਕਰਦੇ ਸਨ?**

ਉੱਤਰ : ਦਾਦੀ ਜੀ ਹਰ ਰੋਜ਼ ਚੜ੍ਹਦੇ ਸੂਰਜ ਨੂੰ ਮੱਥਾ ਟੇਕਦੇ, ਹਰ ਸ਼ਾਮ ਨੀਲੇ ਅਕਾਸ਼ ਨੂੰ ਅਤੇ ਰਾਤ ਨੂੰ ਕਦੇ ਚੰਨ ਨੂੰ ਕਦੇ ਧਰੂ ਤਾਰੇ ਨੂੰ ਹੱਥ ਜੋੜ ਕੇ ਕਹਿੰਦੇ- ਇਹ ਧਰੂ ਸਤਿ ਵਾਂਗ ਅਟੱਲ ਖੜੋਤਾ ਹੈ।

**ਪ੍ਰਸ਼ਨ ਖ. ਦਾਦੀ ਜੀ ਦੇ ਅੰਤਿਮ ਸਮੇਂ ਦਾ ਵਰਨਣ ਆਪਣੇ ਸ਼ਬਦਾਂ ਵਿੱਚ ਕਰੋ?**

ਉੱਤਰ : ਦਾਦੀ ਜੀ ਅੰਤਿਮ ਸਮੇਂ ਅਖ਼ੀਰਲਾ ਮਹੀਨਾ ਮੰਜੇ ’ਤੇ ਪਏ ਰਹੇ ਪਰ ਆਪਣੇ ਦਰਦ ਦਾ ਕਿਸੇ ’ਤੇ ਬੋਝ ਨਹੀਂ ਪਾਇਆ। ਜਦੋਂ ਕੋਈ ਹਾਲ ਪੁੱਛਦਾ ਤਾਂ ਹੱਸ ਕੇ ‘ਚੰਗਾ’ ਹੀ ਆਖਦੇ।

**ਪ੍ਰਸ਼ਨ ਗ. ਮੇਰੇ ਦਾਦੀ ਜੀ ਇਨਸਾਨੀ ਦਿਲਾਂ ਦੀ ਬੈਂਕ ਸੀ, ਕਿਵੇਂ?**

ਉੱਤਰ : ਦਾਦੀ ਜੀ ਨੇ ਬਹੁਤ ਭੇਤ ਆਪਣੇ ਦਿਲ ਵਿੱਚ ਸਾਂਭੇ ਹੋਏ ਸਨ, ਇਸ ਕਰਕੇ ਉਹ ਇਨਸਾਨੀ ਦਿਲਾਂ ਦੀ ਬੈਂਕ ਸੀ।

### 2. ਔਖੇ ਸ਼ਬਦਾਂ ਦੇ ਅਰਥ ਦੱਸੋ :-

| | | |
|---|---|---|
| ਜੀਕਰ | : | ਜਿਵੇਂ |
| ਪੁਰਾਤਨ | : | ਪੁਰਾਣਾ |
| ਤਬਦੀਲੀ | : | ਬਦਲੀ |
| ਅਕੀਦਾ | : | ਧਾਰਮਿਕ ਵਿਸ਼ਵਾਸ, ਭਰੋਸਾ |
| ਨਿਰਾਦਰ | : | ਅਪਮਾਨ |
| ਬਿਰਾਜਮਾਨ | : | ਬੈਠਾ, ਸਸ਼ੋਭਿਤ |
| ਮੁਤਬਰਕ | : | ਪਾਕ, ਪਵਿੱਤਰ |
| ਆਲ਼ਾ | : | ਕੰਧ ਵਿੱਚ ਬਣਿਆ ਖੁੱਡਾ ਜਾਂ ਰਖਣਾ |
| ਜਲ-ਪ੍ਰਵਾਹ | : | ਪਾਣੀ ਵਿੱਚ ਤਾਰ ਦੇਣਾ |
| ਵਾਜ | : | ਅਵਾਜ਼ |
| ਨਿਰਬਲ | : | ਕਮਜ਼ੋਰ |
| ਘਸਮੈਲ਼ਾ | : | ਮਟਿਆਲ਼ਾ, ਗੰਦਾ, ਮੈਲ਼ਾ |
| ਫੂਹੜੀ | : | ਮੋਟੀ ਸਫ਼, ਦਰੀ, ਮਰਨ ਉਪਰੰਤ ਵਿਛਾਈ ਦਰੀ, ਜਿੱਥੇ ਆ ਕੇ ਬੈਠ ਕੇ ਲੋਕ ਅਫ਼ਸੋਸ ਕਰਦੇ ਹਨ। |

## 3. ਹੇਠ ਲਿਖੇ ਮੁਹਾਵਰਿਆਂ ਨੂੰ ਵਾਕਾਂ ਵਿੱਚ ਵਰਤੋਂ :

1. **ਸਿਧਾਂਤ (ਨਿਯਮ)–** ਬਿਜਲੀ ਦੀ ਘੰਟੀ ਪਿੱਛੇ ਵਿਗਿਆਨਕ ਸਿਧਾਂਤ ਕੰਮ ਕਰਦਾ ਹੈ।
2. **ਫ਼ਕੀਰ (ਸਾਧੂ)–** ਫ਼ਕੀਰ ਲੋਕ ਸਭ ਦਾ ਭਲਾ ਮੰਗਦੇ ਹਨ।
3. **ਭਰਪੂਰ (ਭਰਿਆ ਹੋਇਆ)–** ਆਸਮਾਨ ਤਾਰਿਆਂ ਨਾਲ਼ ਭਰਪੂਰ ਹੈ।
4. **ਸ਼ਹਿਜ਼ਾਦੀ (ਰਾਜ ਕੁਮਾਰੀ)–** ਸ਼ਹਿਜ਼ਾਦੀ ਬਹੁਤ ਸੋਹਣੀ ਸੀ।
5. **ਕੁਦਰਤ (ਪ੍ਰਕ੍ਰਿਤੀ/ ਸ੍ਰਿਸ਼ਟੀ)–** ਕੁਦਰਤ ਨਾਲ਼ ਖਿਲਵਾੜ ਮਨੁੱਖ ਨੂੰ ਮਹਿੰਗਾ ਪਵੇਗਾ।
6. **ਚੋਣਵੇਂ (ਚੁਨਿੰਦਾ)–** ਚੋਣਵੇਂ ਲੋਕ ਹੀ ਮਾਊਂਟ ਐਵਰੈਸਟ ਫ਼ਤਿਹ ਕਰਦੇ ਹਨ।
7. **ਕੰਜਕਾਂ (ਕੁਆਰੀ ਕੰਨਿਆ)–** ਦਾਦੀ ਜੀ ਕੰਜਕਾਂ ਦਾ ਬਹੁਤ ਸਤਿਕਾਰ ਕਰਦੇ ਸਨ।
8. **ਪ੍ਰਾਰਥਨਾ (ਅਰਦਾਸ)–** ਅਸੀਂ ਰੋਜ਼ਾਨਾ ਸਵੇਰੇ ਸਕੂਲ ਵਿੱਚ ਪ੍ਰਾਰਥਨਾ ਕਰਦੇ ਹਾਂ।
9. **ਇਨਸਾਨੀ (ਮਾਨਵਤਾ)–** ਦਾਦੀ ਜੀ ਇਨਸਾਨੀ ਦਿਲਾਂ ਦੀ ਬੈਂਕ ਸਨ।

## 4. ਪੜ੍ਹੋ, ਸਮਝੋ ਤੇ ਮਿਲਾਣ ਕਰੋ :

| | | |
|---|---|---|
| ਬਾਗ਼ | : | ਮੀਂਹ |
| ਬੱਦਲ | : | ਬੂਟੇ |
| ਪੂਰਨ ਚੰਨ | : | ਸ੍ਰੀ ਗੁਰੂ ਗ੍ਰੰਥ ਸਾਹਿਬ |
| ਵਾਕ | : | ਪੂਰਨਮਾਸੀ |
| ਕਹਾਣੀਆਂ | : | ਫ਼ਸਲਾਂ |
| ਕਿਸਾਨ | : | ਰਾਤ |